BRAMPTON

**Media Release**

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਸਿਟੀ ਕਾਉਂਸਿਲ ਨੇ COVID-19 ਨੂੰ ਫੈਲਣ ਤੋਂ ਰੋਕਣ ਲਈ, ਕਾਰੋਬਾਰੀਆਂ ਦੀ ਸਹਾਇਤਾ ਕਰਨ ਅਤੇ ਅਰਥਚਾਰੇ ਨੂੰ ਬਹਾਲ ਕਰਨ ਲਈ ਯੋਜਨਾ ਤੇ ਕੰਮ ਕੀਤਾ

ਬ੍ਰੈਂਪਟਨ, ਓਨਟੈਰੀਓ (13 ਮਈ, 2020) – ਅੱਜ, ਸਿਟੀ ਕਾਉਂਸਿਲ (City Council) ਨੇ, ਸਥਾਨਕ ਅਰਥਚਾਰੇ ਨੂੰ ਦੁਬਾਰਾ ਸ਼ੁਰੂ ਕਰਨ ਵਿੱਚ ਅੱਗੇ ਵਧਣ ਵਾਸਤੇ, ਸਿਟੀ ਲਈ ਫ੍ਰੇਮਵਰਕ ਦੇ ਤੌਰ ਤੇ ਬ੍ਰੈਂਪਟਨ ਦੀ ਇਕੋਨੋਮਿਕ ਰਿਕਵਰੀ ਸਟ੍ਰੈਟਜੀ (Economic Recovery Strategy) ਦੀ ਹਿਮਾਇਤ ਕੀਤੀ।

**ਛੋਟੇ ਕਾਰੋਬਾਰੀਆਂ ਦੀ ਹਿਮਾਇਤ**

ਬ੍ਰੈਂਪਟਨ ਦੇ ਛੋਟੇ ਕਾਰੋਬਾਰੀਆਂ ਦੇ ਭਾਈਚਾਰੇ ਨੂੰ ਮਾਲੀ ਆਮਦਨੀ ਦੀ ਹਾਨੀ ਅਤੇ ਪ੍ਰਾਪਰਟੀ ਖਾਲੀ ਕਰਾਏ ਜਾਣ ਦੇ ਲਗਾਤਾਰ ਖਤਰੇ ਸਮੇਤ, ਉਹਨਾਂ ਤੇ ਹੋਣ ਵਾਲੇ COVID-19 (ਸੀ.ਓ.ਵੀ.ਆਈ.ਡੀ.-19) ਦੇ ਪ੍ਰਭਾਵਾਂ ਨੂੰ ਦੇਖਦੇ ਹੋਏ, ਮੇਅਰ ਬ੍ਰਾਊਨ ਨੇ ਸੂਬਾਈ ਸਰਕਾਰ (Provincial Government) ਨੂੰ ਇੱਕ ਪੱਤਰ ਜਾਰੀ ਕੀਤਾ ਹੈ। ਇਸ ਪੱਤਰ ਵਿੱਚ ਉਹਨਾਂ ਨੇ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਜੇਕਰ ਵਿਵਸਾਇਕ ਪ੍ਰਾਪਰਟੀ ਦੇ ਕਾਰੋਬਾਰੀ ਕਿਰਾਇਆ ਨਾ ਦੇ ਸਕਣ, ਤਾਂ ਮਾਲਕਾਂ ਵੱਲੋਂ ਕਾਰੋਬਾਰੀਆਂ ਤੋਂ ਪ੍ਰਾਪਰਟੀ ਖਾਲੀ ਕਰਾਉਣ ਤੇ ਅਸਥਾਈ ਪਾਬੰਦੀ ਲਗਾਈ ਜਾਵੇ। ਛੋਟੀ-ਮਿਆਦ ਦਾ ਇਹ ਹੱਲ ਉਹਨਾਂ ਕਾਰੋਬਾਰੀਆਂ ਨੂੰ ਰਾਹਤ ਪ੍ਰਦਾਨ ਕਰੇਗਾ, ਜੋ ਕੈਨੇਡਾ ਐਮਰਜੈਂਸੀ ਕਮਰਸ਼ਿਅਲ ਰੈਂਟ ਅਸਿਸਟੈਂਸ (ਸੀ.ਈ.ਸੀ.ਆਰ.ਏ.) (Canada Emergency Commercial Rent Assistance) (CECRA) ਪ੍ਰੋਗਰਾਮ ਨੂੰ ਮਨਜ਼ੂਰੀ ਮਿਲਣ ਦੀ ਉਡੀਕ ਕਰ ਰਹੇ ਹਨ।

ਸਿਟੀ, ਬ੍ਰੈਂਪਟਨ ਦੇ ਮਕਾਨ ਮਾਲਕਾਂ ਨੂੰ ਸਲਾਹ ਦਿੰਦੀ ਹੈ ਕਿ ਉਹ ਉਹਨਾਂ ਕਿਰਾਏਦਾਰਾਂ ਨਾਲ ਮਿਲ ਕੇ ਕੰਮ ਕਰਨ, ਜਿਹਨਾਂ ਨੂੰ ਕਿਰਾਏ ਦਾ ਭੁਗਤਾਨ ਕਰਨ ਵਿੱਚ ਮੁਸ਼ਕਲ ਹੋ ਰਹੀ ਹੈ ਅਤੇ ਸੀ.ਈ.ਸੀ.ਆਰ.ਏ. (CECRA) ਲਈ ਅਰਜ਼ੀ ਦੇਣ ਤੇ ਵਿਚਾਰ ਕਰਨ।

**ਅਰਥਚਾਰੇ ਨੂੰ ਬਹਾਲ ਕਰਨ ਦੀ ਰਣਨੀਤੀ (ਇਕੋਨੋਮਿਕ ਰਿਕਵਰੀ ਸਟ੍ਰੈਟਜੀ)**

ਅਰਥਚਾਰੇ ਨੂੰ ਬਹਾਲ ਕਰਨ ਦੀ ਰਣਨੀਤੀ ਦਾ ਮਾਰਗ ਦਰਸ਼ਨ, ਮੇਅਰ ਦੀ COVID-19 ਇਕੋਨੋਮਿਕ ਸਪੋਰਟ ਟਾਸਕ ਫੋਰਸ (Economic Support Task Force) ਵੱਲੋਂ ਕੀਤਾ ਗਿਆ ਹੈ। ਇਸਦੇ ਕੋ-ਚੇਅਰ, ਰੀਜਨਲ ਕਾਉਂਸਲਰਸ ਮਾਈਕਲ ਪਲੇਸ਼ੀ (Michael Palleschi) ਅਤੇ ਪਾੱਲ ਵਿਸੇਂਟ (Paul Vicente) ਹਨ। ਉਹਨਾਂ ਨੇ COVID-19 ਮਹਾਂਮਾਰੀ ਦੇ ਦੌਰਾਨ, ਬ੍ਰੈਂਪਟਨ ਦੀ ਹਿਮਾਇਤ ਕਰਨ ਲਈ ਤਾਲਮੇਲ ਕਰਨ ਅਤੇ ਕਾਰੋਬਾਰ ਸਬੰਧੀ ਰਾਹਤ ਯਤਨਾਂ ਨੂੰ ਸਹਿਯੋਗ ਦੇਣ ਦੇ ਉਪਾਅ ਕਰਨ ਤੇ ਕੰਮ ਕੀਤਾ ਹੈ। ਇਸ ਟਾਸਕ ਫੋਰਸ ਵਿੱਚ, ਫੈਡਰਲ ਅਤੇ ਸੂਬਾਈ ਸਰਕਾਰਾਂ ਦੇ ਮੈਂਬਰਾਂ ਦੇ ਨਾਲ-ਨਾਲ, ਬ੍ਰੈਂਪਟਨ ਬੋਰਡ ਆਫ ਟ੍ਰੇਡ (Brampton Board of Trade), ਡਾਉਨਟਾਉਨ ਬ੍ਰੈਂਪਟਨ ਬੀ.ਆਈ.ਏ. (Downtown Brampton BIA), ਚੈਂਬਰਸ ਆਫ ਕੌਮਰਸ Chambers of Commerce) ਦੇ ਨਾਲ-ਨਾਲ, ਬ੍ਰੈਂਪਟਨ ਦੇ ਕਾਰੋਬਾਰੀ ਭਾਈਚਾਰੇ ਦੇ ਪ੍ਰਤੀਨਿਧੀ ਵੀ ਸ਼ਾਮਲ ਹਨ।

ਅਰਥਚਾਰੇ ਨੂੰ ਬਹਾਲ ਕਰਨ ਦੀ ਰਣਨੀਤੀ ਦਾ ਉਦੇਸ਼, ਬ੍ਰੈਂਪਟਨ ਦੇ ਅਰਥਚਾਰੇ ਨੂੰ ਤੇਜ਼ੀ ਨਾਲ ਬਹਾਲ ਕਰਨ ਵਾਸਤੇ ਇਸਨੂੰ ਮੁਸ਼ਕਲਾਂ ਤੋਂ ਬਾਹਰ ਕੱਢਣਾ ਅਤੇ ਬੇਹਤਰ ਸਥਿਤੀ ਵਿੱਚ ਲਿਆਉਣਾ ਹੈ। ਇਹ ਟੀਚੇ, ਰਣਨੀਤੀ ਦੀਆਂ ਚਾਰ ਜ਼ਰੂਰੀ ਚੀਜ਼ਾਂ ਦੇ ਮੁਤਾਬਕ, ਤੁਰੰਤ ਅਤੇ ਲੰਮੀ-ਮਿਆਦ ਦੀਆਂ ਕਾਰਵਾਈਆਂ ਨੂੰ ਅੱਗੇ ਵਧਾ ਕੇ ਹਾਸਲ ਕੀਤੇ ਜਾਣਗੇ। ਚਾਰ ਜ਼ਰੂਰੀ ਚੀਜ਼ਾਂ ਅਤੇ ਕੁਝ ਤੁਰੰਤ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ ਇਹ ਹਨ:

- **ਇਨੋਵੇਸ਼ਨ, ਟੈਕਨੋਲੋਜੀ ਅਤੇ ਐਂਟਰਪ੍ਰੀਨੀਅਰਸ਼ਿਪ**
  ਬ੍ਰੈਂਪਟਨ ਐਂਟਰਪ੍ਰੀਨੀਅਰ ਸੈਂਟਰ (Brampton Entrepreneur Centre) ਦੇ ਵਿਸਤਾਰ ਦੀ ਪੇਸ਼ਕਸ਼ ਅਤੇ ਡਾਊਨਟਾਊਨ ਇਨੋਵੇਸ਼ਨ ਡਿਸਟ੍ਰਿਕਟ (Innovation District) ਦੀ ਅਧਿਕਾਰਤ ਤੌਰ ਤੇ ਸ਼ੁਰੂਆਤ ਕਰਨ ਅਤੇ ਇਸਨੂੰ ਅੱਗੇ ਵਧਾਉਣ ਜਿਹੀਆਂ ਪਹਿਲਕਦਮੀਆਂ ਰਾਹੀਂ, ਨਵੇਂ ਤਰੀਕਿਆਂ ਅਤੇ ਟੈਕਨੋਲੋਜੀ ਵਾਲੇ ਪਰਿਵਰਤਨ ਨੂੰ ਪੂਰੀ ਤਰ੍ਹਾਂ ਗ੍ਰਹਿਣ ਕਰਨਾ ਅਤੇ ਐਂਟਰਪ੍ਰੀਨੀਅਰਸ਼ਿਪ ਨੂੰ ਪੂੰਜੀ ਵਿੱਚ ਬਦਲਣਾ।
- **ਨਿਵੇਸ਼**
  "ਸਪੋਰਟ ਲੋਕਲ" ("Support Local") ਮੁਹਿੰਮ ਅਤੇ ਵਰਚੁਅਲ ਫੌਰਨ ਡਾਇਰੈਕਟ ਇਨਵੈਸਟਮੈਂਟ ਮਿਸ਼ਨਸ (Virtual Foreign Direct Investment Missions) ਦੀ ਸ਼ੁਰੂਆਤ ਸਮੇਤ, ਲੋਕਾਂ ਨੂੰ ਨਿਵੇਸ਼ ਕਰਨ ਵਾਸਤੇ ਉਤਸ਼ਾਹਿਤ ਕਰਨ ਦੇ ਮੌਕਿਆਂ ਦਾ ਲਾਭ ਉਠਾਉਣਾ ਅਤੇ ਇਸਨੂੰ ਕਾਇਮ ਰੱਖਣਾ।
- **ਇੰਫਰਾਸਟ੍ਰਕਚਰ**
  ਇੰਫਰਾਸਟ੍ਰਕਚਰ ਪ੍ਰੋਜੈਕਟਾਂ ਨੂੰ ਅੱਗੇ ਵਧਾਉਣਾ, ਅਲਗੋਮਾ ਯੂਨੀਵਰਸਿਟੀ (Algoma University) ਦੇ ਵਿਸਤਾਰ ਸਮੇਤ।
- **ਕਲਾ, ਸੱਭਿਆਚਾਰ ਅਤੇ ਟੂਰਿਜ਼ਮ**
  ਡਿਜੀਟਲ ਨਵੀਨਤਾ ਨੂੰ ਜਾਰੀ ਰੱਖਣਾ ਕਿਉਂਕਿ ਸਿਟੀ ਨੇ ਨਵੇਂ ਤਰੀਕੇ ਨਾਲ, ਕਲਾ ਅਤੇ ਸੱਭਿਆਚਾਰ ਸੈਕਟਰ ਵਾਸਤੇ, ਆਉਣ ਵਾਲੇ ਸਮੇਂ ਦੀ ਸੱਭਿਆਚਾਰਕ ਸ਼ਮੂਲੀਅਤ ਅਤੇ ਸਹਿਯੋਗ ਸਬੰਧੀ ਯੋਜਨਾ ਬਣਾਈ ਹੈ। ਤੁਰੰਤ ਕੀਤੀਆਂ ਜਾਣ ਵਾਲੀਆਂ ਪਹਿਲਕਦਮੀਆਂ ਵਿੱਚ ਸ਼ਾਮਲ ਹਨ, ਕਲਾ ਸਬੰਧੀ ਸਿੱਖਿਆ, ਪ੍ਰਦਰਸ਼ਨਾਂ ਅਤੇ ਕਾਰਜਕਰਮਾਂ ਨੂੰ ਆਭਾਸੀ (ਵਰਚੁਅਲ) ਤੌਰ ਤੇ ਪ੍ਰਦਾਨ ਕਰਨਾ।

ਜਿਵੇਂ-ਜਿਵੇਂ ਕਾਰਵਾਈਆਂ ਲਾਗੂ ਹੋਣਗੀਆਂ ਅਤੇ ਉਹਨਾਂ ਦਾ ਮੁਲਾਂਕਣ ਹੋਵੇਗਾ, ਉਵੇਂ ਹੀ ਰਣਨੀਤੀ ਅੱਗੇ ਵਧੇਗੀ।

**ਹਵਾਲੇ**

"COVID-19 ਨੇ, ਪੂਰੀ ਦੁਨੀਆ ਦੇ ਕਾਰੋਬਾਰੀਆਂ ਵਾਂਗ, ਬ੍ਰੈਂਪਟਨ ਦੇ ਕਾਰੋਬਾਰੀਆਂ ਤੇ ਵੀ ਬਹੁਤ ਵੱਡਾ ਆਰਥਿਕ ਅਸਰ ਪਾਇਆ ਹੈ। ਅਸੀਂ ਆਪਣੇ ਅਰਥਚਾਰੇ ਦਾ ਮੁੜ ਨਿਰਮਾਣ ਕਰਨ ਦੀ ਯੋਜਨਾ ਬਣਾਉਂਦੇ ਸਮੇਂ, ਲਗਾਤਾਰ ਸਾਡੇ ਕਾਰੋਬਾਰੀ ਭਾਈਚਾਰੇ ਦੀ ਹਿਮਾਇਤ ਕਰਦੇ ਹਾਂ। ਮੈਨੂੰ ਖੁਸ਼ੀ ਹੈ ਕਿ ਇਕੋਨੋਮਿਕ ਸਪੋਰਟ ਟਾਸਕ ਫੋਰਸ ਨੇ, ਸਥਾਨਕ ਕਾਰੋਬਾਰੀਆਂ ਨੂੰ ਪੂਰੀ ਤਰ੍ਹਾਂ ਸਹਿਯੋਗ ਪ੍ਰਦਾਨ ਕਰਦੇ ਹੋਏ, ਬਹਾਲੀ ਤੇ ਧਿਆਨ ਕੇਂਦਰਿਤ ਕੀਤਾ ਹੈ। ਇਸਲਈ ਅਸੀਂ ਸਾਡੇ ਅਰਥਚਾਰੇ ਨੂੰ ਦੁਬਾਰਾ ਸ਼ੁਰੂ ਕਰਨ ਅਤੇ ਜਲਦੀ ਤੋਂ ਜਲਦੀ ਸਾਡੇ ਕਾਰੋਬਾਰੀਆਂ ਨੂੰ ਉਹਨਾਂ ਦੀ ਬਹਾਲੀ ਵਿੱਚ ਸਹਿਯੋਗ ਕਰਨ ਲਈ ਤਿਆਰ ਹਾਂ।"

*- ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਸਾਡੀ ਖੁਸ਼ਕਿਸਮਤੀ ਹੈ ਕਿ ਸਾਡੇ ਕਾਰੋਬਾਰੀ ਭਾਈਚਾਰੇ ਦੀਆਂ ਸਮੱਸਿਆਵਾਂ ਬਾਰੇ ਵਿਚਾਰ-ਵਟਾਂਦਰਾ ਕਰਨ ਅਤੇ ਸੰਭਾਵੀ ਹੱਲ ਤੇ ਸਾਡੇ ਨਾਲ ਕੰਮ ਕਰਨ ਲਈ, ਇਕੋਨੋਮਿਕ ਸਪੋਰਟ ਟਾਸਕ ਫੋਰਸ ਦੀਆਂ ਮੀਟਿੰਗਾਂ ਵਿੱਚ, ਮਿਨਿਸਟਰ ਸਰਕਾਰੀਆ ਅਤੇ ਐਮ.ਪੀ. ਖਹਿਰਾ ਸਮੇਤ, ਸਾਡੇ ਭਾਈਚਾਰੇ ਵਿੱਚ ਸਾਡੇ ਕਈ ਭਾਈਵਾਲ ਹਨ। ਹੁਣ ਅਸੀਂ ਇਸ ਸੰਕਟ ਤੋਂ ਬਾਹਰ ਆਉਂਦੇ ਹੋਏ, ਸਾਡੇ ਕਾਰੋਬਾਰੀ ਭਾਈਚਾਰੇ ਨੂੰ ਸਹਿਯੋਗ ਕਰਨ ਅਤੇ ਸਾਡੇ ਅਰਥਚਾਰੇ ਦੀ ਬਹਾਲੀ ਲਈ ਯੋਜਨਾ ਬਣਾਉਣ ਲਈ ਇਕੱਠੇ ਕੰਮ ਕਰ ਰਹੇ ਹਾਂ। ਅਸੀਂ ਇਕੱਠੇ ਵੱਧ ਮਜ਼ਬੂਤ ਹਾਂ ਅਤੇ ਨਾਲ ਮਿਲ ਕੇ ਇਸਤੋਂ ਬਾਹਰ ਆ ਜਾਵਾਂਗੇ।"

*- ਮਾਈਕਲ ਪਲੇਸ਼ੀ (Michael Palleschi), ਰੀਜਨਲ ਕਾਉਂਸਲਰ, ਵਾਰਡਸ 2 ਅਤੇ 6; ਕੋ-ਚੇਅਰ, ਇਕੋਨੋਮਿਕ ਸਪੋਰਟ ਟਾਸਕ ਫੋਰਸ*

"COVID-19 ਮਹਾਂਮਾਰੀ ਦੇ ਸ਼ੁਰੂ ਹੋਣ ਦੇ ਬਾਅਦ ਤੋਂ ਹੀ ਅਸੀਂ ਸਾਡੇ ਕਾਰੋਬਾਰੀ ਭਾਈਚਾਰੇ ਦੇ ਨਾਲ ਜੁੜੇ ਰਹੇ ਹਾਂ। ਅਸੀਂ ਉਹਨਾਂ ਨੂੰ ਮਿਲ ਰਹੇ ਹਾਂ, ਉਹਨਾਂ ਦੀ ਹਿਮਾਇਤ ਕਰ ਰਹੇ ਹਾਂ ਅਤੇ ਉਹਨਾਂ ਦੀ ਸਹਾਇਤਾ ਦਾ ਹਰ ਸੰਭਵ ਯਤਨ ਕਰ ਰਹੇ ਹਾਂ। ਅਸੀਂ ਠੋਸ ਕਦਮ ਚੁੱਕ ਕੇ, ਉਹਨਾਂ ਨੂੰ ਮਜ਼ਬੂਤੀ ਨਾਲ ਇਸ

ਸੰਕਟ ਤੋਂ ਬਾਹਰ ਨਿੱਕਲਣ ਅਤੇ ਚੰਗੀ ਸਥਿਤੀ ਵਿੱਚ ਲਿਆਉਣ ਵਿੱਚ ਮਦਦ ਕਰਨ ਤੇ ਕੰਮ ਕਰ ਰਹੇ ਹਾਂ। ਇਹ ਕਦਮ, ਹੁਣ ਅਤੇ ਆਉਣ ਵਾਲੇ ਸਮੇਂ ਵਿੱਚ ਉਹਨਾਂ ਦੀ ਮਦਦ ਕਰਨਗੇ।"

*- ਪਾੱਲ ਵਿਸੇਂਟ (Paul Vicente), ਰੀਜਨਲ ਕਾਊਂਸਲਰ, ਵਾਰਡਸ 1 ਅਤੇ 5; ਕੋ-ਚੇਅਰ, ਇਕੋਨੋਮਿਕ ਸਪੋਰਟ ਟਾਸਕ ਫੋਰਸ*

"ਸਾਡਾ ਸਟਾਫ਼, ਸਾਡੇ ਸਥਾਨਕ ਕਾਰੋਬਾਰੀਆਂ ਨੂੰ ਸਹਿਯੋਗ ਕਰਨ ਲਈ, ਸਿਟੀ ਦੀ COVID-19 ਟਾਸਕ ਫੋਰਸ ਦੇ ਮੈਂਬਰਾਂ ਦੇ ਨਾਲ ਬਿਨਾਂ ਥੱਕੇ ਲਗਾਤਾਰ ਕੰਮ ਕਰ ਰਿਹਾ ਹੈ। ਨਾਲ ਹੀ, ਸਟਾਫ਼ ਆਉਣ ਵਾਲੇ ਸਮੇਂ ਵਿੱਚ ਉਹਨਾਂ ਦੇ ਵਾਧੇ ਅਤੇ ਸਫਲਤਾ ਪ੍ਰਾਪਤ ਕਰਨ ਵਿੱਚ ਵੀ ਮਦਦ ਕਰ ਰਿਹਾ ਹੈ। ਸਿਟੀ ਸਮੇਂ ਤੋਂ ਪਹਿਲਾਂ ਹੀ ਅਜਿਹੇ ਕਦਮ ਚੁੱਕ ਰਹੀ ਹੈ, ਜੋ ਯਕੀਨੀ ਬਣਾਉਂਦੇ ਹਨ ਕਿ COVID-19 ਨੂੰ ਫੈਲਣ ਤੋਂ ਰੋਕਣ ਵਿੱਚ ਵੱਡੇ ਯਤਨ ਕੀਤੇ ਜਾ ਰਹੇ ਹਨ। ਇਸ ਵਿੱਚ ਸਾਡੇ ਸਥਾਨਕ ਅਰਥਚਾਰੇ ਦੇ ਕਈ ਸੈਕਟਰ ਸ਼ਾਮਲ ਹਨ।"

*- ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫ਼ਸਰ, ਸਿਟੀ ਆਫ ਬ੍ਰੈਂਪਟਨ*

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca